Phone No. 01881-221157
Fax No. 01881-221165
Email: madcropar@gmail.com

# ਦਫਤਰ ਜਿਲਾ ਮੈਜਿਸਟਰੇਟ,ਰੂਪਨਗਰ।

## (ਫੁਟਕਲ ਸ਼ਾਖਾ)

ਹੁਕਮ:

ਚੀਫ ਇੰਜੀਨੀਅਰ/ਮਾਈਨਜ਼,ਡਿਪਾਰਟਮੈਂਟ ਆਫ ਮਾਈਨਜ਼ ਐਂਡ ਜਿਆਲੋਜੀ ਪੰਜਾਬ, ਚੰਡੀਗੜ ਜੀ ਦੇ ਪੱਤਰ ਨੰਬਰ 974-76 ਮਿਤੀ 30/06/2020 ਰਾਹੀਂ ਮਾਨਸੂਨ ਸੀਜ਼ਨ-2020 (ਮਿਤੀ 01-07-2020 ਤੋਂ ਮਿਤੀ 30-09-2020) ਨੂੰ ਮੱਦੇ ਨਜ਼ਰ ਰੱਖਦੇ ਹੋਏ ਮਾਈਨਿੰਗ ਗਤੀਵਿਧੀਆਂ ਤੇ ਰੋਕ ਲਗਾਈ ਹੈ।ਇਹ ਮਾਨਸੂਨ ਸੀਜ਼ਨ 2020 ਮਿਤੀ 30-09-2020 ਤੱਕ ਚੱਲਣਾ ਹੈ।ਮੋਨਸੂਨ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਮਾਈਨਿੰਗ ਮਟੀਰੀਅਲ ਦੀ ਨਿਕਾਸੀ ਤੇ ਮੁਕੰਮਲ ਤੌਰ ਤੇ ਪਾਬੰਦੀ ਲਗਾਉਣੀ ਅਤਿ ਜਰੂਰੀ ਹੈ।

ਇਸ ਲਈ ਮੈ ਸੋਨਾਲੀ ਗਿਰੀ, ਆਈ.ਏ.ਐਸ. ਜਿਲਾ ਮੈਜਿਸਟਰੇਟ, ਰੂਪਨਗਰ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ,ਜਿਲ੍ਹਾ ਰੂਪਨਗਰ ਵਿਚ ਮਾਨਸੂਨ ਸੀਜ਼ਨ 2020 ਮਿਤੀ:01-07-2020 ਤੋਂ ਮਿਤੀ 30-09-2020 ਤੱਕ ਜਿਲ੍ਹੇ ਵਿਚ ਪੈਂਦੀਆਂ ਖੱਡਾ/ਦਰਿਆਵਾਂ/ਚੋਆਂ/ਨਦੀਆਂ ਆਦਿ ਵਿਚੋਂ ਮਾਈਨਿੰਗ ਮਟੀਰੀਅਲ ਦੀ ਨਿਕਾਸੀ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਂਦੀ ਹਾਂ।

ਇਸ ਹੁਕਮ ਨੂੰ ਲਾਗੂ ਕਰਾਉਣ ਲਈ ਸੀਨੀਅਰ ਪੁਲਿਸ ਕਪਤਾਨ, ਰੂਪਨਗਰ/ਸਮੂਹ ਉਪ ਮੰਡਲ ਮੈਜਿਸਟਰੇਟਸ/ ਮਾਈਨਿੰਗ ਅਫਸਰ, ਰੂਪਨਗਰ/ਵਾਤਾਵਰਨ ਇੰਜੀਨੀਅਰ, ਪ੍ਰਦੂਸ਼ਣ ਕੰਟਰੋਲ ਬੋਰਡ, ਐਸ.ਏ.ਐਸ.ਨਗਰ/ ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ, ਰੂਪਨਗਰ/ਕਾਰਜਕਾਰੀ ਇੰਜੀਨੀਅਰ, ਹੈਡ ਵਰਕਸ ਮੰਡਲ, ਰੂਪਨਗਰ/ ਕਾਰਜਕਾਰੀ ਇੰਜੀਨੀਅਰ, ਡਰੇਨਜ਼, ਰੂਪਨਗਰ/ਕਾਰਜਕਾਰੀ ਇੰਜੀਨੀਅਰ,ਜ/ਸ ਅਤੇ ਸੈਨੀਟੇਸ਼ਨ,ਰੂਪਨਗਰ/ਅਨੰਦਪੁਰ ਸਾਹਿਬ/ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ, ਰੂਪਨਗਰ ਲੋੜੀਂਦੀ ਕਾਰਵਾਈ ਕਰਨ ਦੇ ਜ਼ਿੰਮੇਵਾਰ ਹੋਣਗੇ।

ਇਹ ਹੁਕਮ ਮਾਨਸੂਨ ਸੀਜ਼ਨ-2020 ਮਿਤੀ 30-09-2020 ਤੱਕ ਲਾਗੂ ਰਹੇਗਾ।

ਇਹ ਹੁਕਮ ਮਾਮਲੇ ਦੀ ਤੱਤਪਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਹਨਾਂ ਹੁਕਮਾਂ ਦੀ ਜਿਲ੍ਹਾ ਲੋਕ ਸੰਪਰਕ ਅਫਸਰ,ਰੂਪਨਗਰ ਵੱਲੋ ਪ੍ਰਚਾਰ ਗੱਡੀ ਰਾਹੀਂ ਅਕਾਸ਼ਬਾਣੀ/ਦੂਰਦਰਸ਼ਨ/ਸਮਾਚਾਰ ਪੱਤਰਾਂ ਰਾਹੀਂ ਮੁਨਾਦੀ ਕਰਵਾਈ ਜਾਵੇ ਅਤੇ ਇਸ ਹੁਕਮ ਦੀਆਂ ਕਾਪੀਆਂ ਸੀਨੀਅਰ ਪੁਲਿਸ ਕਪਤਾਨ,ਰੂਪਨਗਰ/ਉਪ ਮੰਡਲ ਮੈਜਿਸਟਰੇਟਸ/ਤਹਿਸੀਲਦਾਰਾਂ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਤੇ ਵੀ ਚੱਸਪਾ ਕੀਤੀਆ ਜਾਣ

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਅੱਜ ਮਿਤੀ ਨੂੰ ਜਾਰੀ ਕੀਤਾ ਗਿਆ ।

ਜਿਲਾ ਮੈਜਿਸਟਰੇਟ,
ਰੂਪਨਗਰ।

ਪਿੱਠ ਅੰਕਣ ਨੰ:32667-72 ਮਿਤੀ 28/07/20

ਇਸ ਦਾ ਇਕ ਉਤਾਰਾ:-

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਗ੍ਰਹਿ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
3. ਕਮਿਸ਼ਨਰ,ਰੂਪਨਗਰ ਮੰਡਲ , ਰੂਪਨਗਰ।
4. ਡੀ.ਆਈ.ਜੀ. ,ਰੂਪਨਗਰ ਰੇਜ,ਰੂਪਨਗਰ।
5. ਡੀ.ਆਈ ਜੀ, ਸੀ.ਆਈ.ਡੀ. ,ਪੰਜਾਬ,ਚੰਡੀਗੜ੍ਹ।
6. ਸਮੂਹ ਜਿਲ੍ਹਾ ਮੈਜਿਸਟਰੇਟਸ
7. ਡਾਇਰੈਕਟਰ,ਆਲ ਇੰਡੀਆ ਰੇਡੀਓ,ਜਲੰਧਰ।
8. ਸੀਨੀਅਰ ਪੁਲਿਸ ਕਪਤਾਨ,ਰੂਪਨਗਰ (20 ਕਾਪੀਆਂ)
9. ਜਿਲਾ ਤੇ ਸੈਸ਼ਨ ਜੱਜ ,ਰੂਪਨਗਰ।
10. ਸਕੱਤਰ ਰੀਜਨਲ ਟਰਾਂਸਪੋਰਟ ਅਥਾਰਟੀ ਐਸ.ਏ.ਐਸ. ਨਗਰ (ਮੁਹਾਲੀ)
11. ਉਪ ਮੰਡਲ ਮੈਜਿਸਟਰੇਟ, ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਸ੍ਰੀ ਚਮਕੌਰ ਸਾਹਿਬ/ਨੰਗਲ/ ਮੋਰਿੰਡਾ।
12. ਜਿਲਾ ਲੋਕ ਸੰਪਰਕ ਅਫਸਰ,ਰੂਪਨਗਰ(15 ਕਾਪੀਆਂ)
13. ਮਾਈਨਿੰਗ ਅਫਸਰ,ਰੂਪਨਗਰ।
14. ਕਾਰਜਕਾਰੀ ਇੰਜੀਨੀਅਰ,ਲੋ:ਨਿ:ਵਿ: ਭ ਤੇ ਮ ਸ਼ਾਖਾ,ਰੂਪਨਗਰ।
15. ਕਾਰਜਕਾਰੀ ਇੰਜੀਨੀਅਰ,ਹੈਡ ਵਰਕਸ ਮੰਡਲ,ਰੂਪਨਗਰ।
16. ਕਾਰਜਕਾਰੀ ਇੰਜੀਨੀਅਰ,ਡਰੇਨਜ਼,ਰੂਪਨਗਰ।
17. ਕਾਰਜਕਾਰੀ ਇੰਜੀਨੀਅਰ,ਜਲ ਸਪਲਾਈ ਤੇ ਸੈਨੀਟੇਸ਼ਨ ਡਵੀਜ਼ਨ ਨੰ:1,ਸ੍ਰੀ ਅਨੰਦਪੁਰ ਸਾਹਿਬ/ਡਵੀਜ਼ਨ ਨੰ: 2,ਰੂਪਨਗਰ।
18. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ,ਰੂਪਨਗਰ।
19. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਨੰਗਲ/ਮੋਰਿੰਡਾ, ਨਗਰ ਪੰਚਾਇਤ ,ਕੀਰਤਪੁਰ ਸਾਹਿਬ/ਸ੍ਰੀ ਚਮਕੌਰ ਸਾਹਿਬ
20. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਸ੍ਰੀ ਚਮਕੌਰ ਸਾਹਿਬ/ਮੋਰਿੰਡਾ/ ਨੂਰਪੁਰਬੇਦੀ।
21. ਪੀ.ਏ ਟੂ ਡੀ.ਐਸ/ਪੀ.ਏ.ਟੂ ਏ.ਡੀ.ਸੀ /ਸਟੈਨੋ ਟੂ ਏ ਸ਼ੀ (ਜੀ),ਰੂਪਨਗਰ

ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲਾ ਮੈਜਿਸਟਰੇਟ,
ਰੂਪਨਗਰ।

Scanned with CamScanner